# ਜੋ ਹਮ ਸਹਰੀ ਸੁ ਮੀਤੁ ਹਮਾਰਾ

ਇਹ ਸ਼ਬਦ ਭਗਤ ਰਵਿਦਾਸ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੩੪੫ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਭਗਤ ਜੀ ਨੇ ਇਕ ਆਦਰਸ਼ਕ ਰਾਜ ਦਾ ਚਿਤਰਣ ਕੀਤਾ ਹੈ, ਅਜਿਹੀ ਅਵਸਥਾ, ਸਥਾਨ ਬਾਰੇ ਦਸਿਆ ਹੈ ਜੋ ਉਨ੍ਹਾਂ ਨੂੰ ਵਸਣ ਲਈ ਮਿਲ ਪਿਆ ਹੈ, ਜਿਥੇ ਜ਼ਿੰਦਗ਼ੀ ਵਾਲਾ ਕੋਈ ਗ਼ਮ ਨਹੀਂ, ਕੋਈ ਦੁਖ ਅੰਦੇਸ਼ਾ ਨਹੀਂ, ਕਿਸੇ ਤਰ੍ਹਾਂ ਦਾ ਕੋਈ ਡਰ ਫ਼ਿਕਰ ਨਹੀਂ, ਸਾਰੇ ਖ਼ੈਰੀਅਤ ਨਾਲ ਵਸਦੇ ਹਨ। ਉਥੋਂ ਦੀ ਸਰਕਾਰ ਸਦਾ ਕਾਇਮ ਰਹਿਣ ਵਾਲੀ ਹੈ, ਜਿਸ ਤਕ ਸਭ ਖਲਕਤ ਦੀ ਪਹੁੰਚ ਹੈ। ਉਥੇ ਸਭ ਰਜੇ-ਪੁਜੇ ਲੋਕ ਰਹਿੰਦੇ ਹਨ, ਗ਼ਰੀਬੀ ਦੀ ਕੋਈ ਗੁੰਜਾਇਸ਼ ਨਹੀਂ। ਉਹ ਰਾਜ ਉਘਾ ਵਸਦਾ ਹੈ। ਉਥੇ ਦੇ ਵਸਣ ਵਾਲੇ, ਇਕ ਦੂਜੇ ਨਾਲ ਪ੍ਰੇਮ ਮੁਹੱਬਤ ਨਾਲ ਰਹਿੰਦੇ ਹਨ।

ਬੇਸ਼ੱਕ, ਇਹ ਮੁਕਤੀ ਦੀ ਅਵਸਥਾ ਦਾ ਬਿਆਨ ਹੈ ਪਰ ਇਸ ਸ਼ਬਦ ਦੀ ਸਾਰੀ ਸ਼ਬਦਾਵਲੀ, ਇਕ ਆਦਰਸ਼ਕ ਰਾਜ ਨੂੰ ਚਿਤਰਦੀ ਹੈ, ਜਿਸ ਦਾ ਸੁਪਨਾ ਹਰ ਆਮ ਵਿਅਕਤੀ ਲੈਂਦਾ ਹੈ। ਗੁਰਬਾਣੀ ਕੋਈ ਰਾਜਨੀਤੀ ਸ਼ਾਸਤਰ ਨਹੀਂ। ਸਿਖ ਧਰਮ ਕੋਈ ਰਾਜਨੀਤਕ ਫ਼ਲਸਫ਼ਾ ਨਹੀਂ, ਸਗੋਂ ਨਿਰੋਲ ਅਧਿਆਤਮਕਤਾ ਅਤੇ ਉਸ ਵਲ ਜੀਵਨ ਜਾਚ ਦਾ ਫ਼ਲਸਫ਼ਾ ਹੈ। ਭਗਤ ਅਤੇ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੌਰਾਨ ਅਤੇ ਗੁਰਬਾਣੀ ਵਿਚ ਇਕ ਜੀਵਨ ਜਾਚ ਸਿਖਾਈ ਹੈ ਅਤੇ ਜੀਵਨ ਦੇ ਕਿਸੇ ਪਹਿਲੂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਸੁਮੇਰ ਪਰਬਤ ਤੇ, ਸਿਧਾਂ ਤੇ ਵੀ ਇਹੀ ਇਤਰਾਜ਼ ਕੀਤਾ ਸੀ ਕਿ ਉਹ ਅਧਿਆਤਮਕ ਪ੍ਰਾਪਤੀਆਂ ਕਰਕੇ, ਉਨ੍ਹਾਂ ਪ੍ਰਾਪਤੀਆਂ ਨਾਲ ਦੁਨੀਆਂ ਨੂੰ ਸਹੀ ਸੇਧ ਦੇਣ ਦੀ ਬਜਾਏ, ਜ਼ਿੰਦਗ਼ੀ ਦੀਆਂ ਔਖਿਆਈਆਂ ਤੋਂ ਮੂੰਹ ਮੋੜ ਕੇ ਪਹਾੜਾਂ ਵਿਚ ਛੁਪ ਬੈਠੇ ਸਨ, ਜਦ ਕਿ, ਸਚੇ ਗੁਰੂ ਦੀ ਅਣਹੋਂਦ ਕਰ ਕੇ ਸਾਰਾ ਜਗ, ਮਾਇਆ ਮੋਹ ਅਤੇ ਪਾਪਾਂ ਆਦਿ ਦੇ ਸਾਗਰ ਵਿਚ ਡੁਬਿਆ ਪਿਆ ਹੈ, ਸਚਾ ਗਿਆਨ ਦੇਣ ਵਾਲਾ ਕੋਈ ਨਹੀਂ ਦਿਸਦਾ। ਭਾਈ ਗੁਰਦਾਸ ਜੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਇਹ ਤੱਥ ਉਜਾਗਰ ਹੁੰਦਾ ਹੈ - 'ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰ ਕਉ ਪਾਰਿ ਉਤਾਰਾ॥ ਬਾਝੁ ਗੁਰੂ ਡੁਬਾ ਜਗੁ ਸਾਰਾ॥', ਵਾਰ ੧:੨੯.

ਗੁਰੂ ਗ੍ਰੰਥ ਸਾਹਿਬ ਵਿਚ ਗੁਰਮਤਿ ਰਾਜਨੀਤਕ ਵੀਚਾਰਧਾਰਾ ਨੂੰ ਉਜਾਗਰ ਕਰਨ ਦੀਆਂ, ਸਿਧੇ ਤੌਰ ਤੇ ਪੰਕਤੀਆਂ ਜਾਂ ਸ਼ਬਦ ਬਹੁਤ ਜ਼ਿਆਦਾ ਨਹੀਂ ਮਿਲਦੇ, ਕਿਉਂਕਿ ਮੌਲਿਕ ਤੌਰ ਤੇ ਗੁਰਬਾਣੀ ਦਾ ਸੰਬੰਧ ਅਧਿਆਤਮਕਤਾ ਨਾਲ ਹੈ। ਮਨੁਖ ਦੇ ਜੀਵਨ ਲਖ਼ਸ਼ ਬਾਰੇ ਅਤੇ ਉਸ ਦੀ ਪ੍ਰਾਪਤੀ ਦੇ ਮਾਰਗ ਨੂੰ ਰੁਸ਼ਨਾਉਣ ਲਈ ਹੀ ਗੁਰਬਾਣੀ ਦੀ ਰਚਨਾ ਹੋਈ ਸੀ। ਇਸ ਕੰਮ ਲਈ ਗੁਰਬਾਣੀ ਵਿਚ ਅਜਿਹੇ ਬਹੁਤ ਸਾਰੇ ਰਾਜਨੀਤਕ ਲਫ਼ਜ਼ਾਂ ਦੀ ਭਰਮਾਰ ਹੈ ਜਿਨ੍ਹਾਂ ਦਾ ਇਸਤੇਮਾਲ ਅਲੰਕਾਰਿਕ ਤੌਰ ਤੇ ਕੀਤਾ ਗਿਆ ਹੈ ਅਤੇ ਉਨ੍ਹਾਂ ਤੋਂ ਸਾਨੂੰ ਗੁਰੂ ਸਾਹਿਬਾਨ ਦੀ ਰਾਜਨੀਤਕ ਵੀਚਾਰਧਾਰਾ, ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ। ਇਹ ਲਫ਼ਜ਼ ਹਨ - **ਸੁਲਤਾਨ, ਪਾਤਸਾਹ, ਤਖਤ, ਤਾਜ, ਹੁਕਮ, ਅਮਰ, ਦੀਵਾਨ, ਮਹਰ, ਰਾਜਾ, ਰਾਉ, ਸਾਹਾਂ, ਅਦਲ, ਛਤਰ, ਮਹਲ, ਖਜਾਨਾ, ਹਾਥੀ, ਮਲਿਕ, ਕਾਜੀ, ਚਉਧਰੀ, ਉਮਰਾਵ, ਸਿਕਦਾਰ, ਮੁਕਦਮ, ਰਯਤਿ, ਭੇਰੀ, ਘੋੜੇ, ਤੇਗਬੰਦ, ਤੁਪਕ, ਹਸਤਿ, ਡਾਡੀ, ਮੁੰਸਫ, ਪਟਵਾਰੀ** ਆਦਿ। ਇਨ੍ਹਾਂ ਲਫ਼ਜ਼ਾਂ ਨੂੰ ਭਾਵੇਂ ਜਿਹੜੇ ਵੀ ਅਰਥਾਂ ਵਿਚ ਵਰਤਿਆ ਗਿਆ ਪਰ ਇਨ੍ਹਾਂ ਦੇ ਪਿਛੇ ਪਏ ਗੁਪਤ ਸੰਦੇਸ਼ਾਂ (latent meanings) ਨੂੰ ਅਖੋਂ ਪਰੋਖੇ (ignore) ਨਹੀਂ ਕੀਤਾ ਜਾ ਸਕਦਾ।

ਭਗਤ ਅਤੇ ਗੁਰੂ ਸਾਹਿਬਾਨ, ਚੰਗੇ ਸ਼ੁਧ, ਲੋਕ ਭਲਾਈ ਵਾਲੇ, ਕਲਿਆਣ ਕਾਰੀ ਰਾਜ, Welfare state ਦੀ ਲੋੜ ਬਖ਼ੂਬੀ ਸਮਝਦੇ ਸਨ ਅਤੇ ਜਨਤਾ ਨੂੰ ਸੁਚੇਤ ਵੀ ਕਰਦੇ ਰਹੇ। ਭਗਤਾਂ ਦੇ ਅਤੇ ਗੁਰੂ ਕਾਲ ਵਿਚ ਹਿੰਦੁਸਤਾਨ ਦੀ ਰਾਜਨੀਤਕ ਅਵਸਥਾ ਮਾੜੀ ਜਾਂ ਬਹੁਤ ਮਾੜੀ ਸੀ। ਰਾਜਨੀਤਕ ਅਸਥਿਰਤਾ ਵੀ ਆਮ ਵੇਖਣ ਨੂੰ ਮਿਲਦੀ ਸੀ। ਭਗਤਾਂ ਨੇ ਵੀ ਅਤੇ

ਗੁਰੂ ਸਾਹਿਬਾਨ ਨੇ ਵੀ ਰਾਜਨੀਤਕ ਮਸ਼ੀਨਰੀ ਦੀ ਦੁਰਵਰਤੋਂ ਅਤੇ ਆਮ ਜਨਤਾ ਦੀ ਦੁਰਦਸ਼ਾ ਦੇ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ। ਹਿੰਦੁਸਤਾਨ ਦੇ ਪੁਰਾਤਨ ਗ੍ਰੰਥਾਂ ਵਿਚ ਵੀ ਭ੍ਰਿਸ਼ਟ ਰਾਜਿਆਂ ਅਤੇ ਉਨ੍ਹਾਂ ਦੀ ਮਸ਼ੀਨਰੀ ਦੇ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ ਮਿਲਦੀ ਹੈ। ਵੈਦਿਕ ਸਾਹਿਤ ਵਿਚ ਰਾਜ ਦੇ ਆਦਰਸ਼ ਅਤੇ ਉਦੇਸ਼ ਦਾ ਬਹੁਤ ਵਿਵਰਣ ਮਿਲਦਾ ਹੈ। **ਛਾਂਦੋਗਯ ਉਪਨਿਸ਼ਦ** ਵਿਚ ਸਪੱਸ਼ਟ ਕਿਹਾ ਗਿਆ ਹੈ ਕਿ **ਸ਼ਾਂਤੀ, ਸੁਚੱਜੀ ਵਿਵੱਸਥਾ ਅਤੇ ਨਿਆਂ, ਰਾਜ ਦੇ ਪ੍ਰਮੁਖ ਮੰਤਵ ਹਨ। ਰਾਜ ਵਰੁਣ ਦੇਵਤੇ ਵਰਗਾ ਹੋਣਾ ਚਾਹੀਦਾ ਹੈ ਜੋ ਸੁਚੱਜੀ ਵਿਵਸਥਾ ਦਾ ਧਾਰਣੀ ਹੈ। ਉਸ ਦਾ ਕਰਤੱਵ ਪਾਪੀਆਂ ਨੂੰ ਦੰਡ ਦੇਣਾ ਤੇ ਗੁਣਵਾਨਾਂ ਦੀ ਮਦਦ ਕਰਨਾ ਹੈ। ਅਸਲ ਧਰਮ/ਸਦਾਚਾਰ (ਨਾ ਕਿ ਕਿਸੇ ਵਿਅਕਤੀਗਤ ਧਰਮ ਦਾ) ਦਾ ਬੋਲਬਾਲਾ ਹੋਣਾ ਚਾਹੀਦਾ ਹੈ ਅਤੇ ਸਿਖਿਆ ਦਾ ਪ੍ਰਸਾਰ ਹੋਣਾ ਚਾਹੀਦਾ ਹੈ** - ਛਾਂਦੋਗਯ ਉਪਨਿਸ਼ਦ V.11.5. **ਅਥਰਵ ਵੇਦ** ਦੇ XX.127 ਅਧਿਆਏ ਵਿਚ ਦਸਿਆ ਗਿਆ ਹੈ ਕਿ **ਰਾਜਾ ਪਰੀਕਸ਼ਤ ਦੇ ਰਾਜ ਵਿਚ ਦੁਧ ਤੇ ਸ਼ਹਿਦ ਵਗਦਾ ਸੀ। ਬ੍ਰਿਹਦਾਰਣਯਕ ਉਪਨਿਸ਼ਦ** 1.4.14 ਵਿਚ ਸਪੱਸ਼ਟ ਦਸਿਆ ਗਿਆ ਹੈ ਕਿ **ਰਾਜ ਦਾ ਅਸਲ ਤਤ ਧਰਮ, ਨਿਆਂ ਹਨ** - 'ਤਦੇਤਤਕਸ਼ੱਤ੍ਰਸਯ ਕਸ਼ੱਤ੍ਰੰ ਯਦ੍ਧਰਮਸਤਸਮਾਦ੍ਧਰਮਾਤਪਰੰ ਨਾਸਤਿ॥' ਮਹਾਂਭਾਰਤ ਨੇ ਵੀ ਕਿਹਾ ਹੈ ਕਿ **ਧਰਮ ਤੋਂ ਉਪਰ ਕੁਝ ਨਹੀਂ, ਰਾਜਾ ਨੂੰ ਇਸਦਾ ਹਮੇਸ਼ਾਂ ਪਾਲਣ ਕਰਨਾ ਚਾਹੀਦਾ ਹੈ** - 'ਯਸ਼ਚਾਤ੍ਰ ਧਰਮ ਇਤਯੁਕਤੋ ਧਰਮਨੀਤਿਵਿਆਪਾਸ਼੍ਰਯ। ਤਮਸ਼ੰਕ: ਕਰਿਸ਼ਯਾਮੀ ਸਵੱਵਸ਼ੋ ਨ ਕਦਾਚਨ॥', XII.59.116. ਹੋਰ ਗ੍ਰੰਥਾਂ ਵਿਚ ਇਹ ਵੀ ਅੰਕਿਤ ਹੈ ਕਿ ਜੋ ਰਾਜਾ ਧਰਮ ਦੇ ਮਾਰਗ ਤੋਂ ਲਾਂਭੇ ਜਾਂਦਾ ਹੈ ਉਹ ਸਜ਼ਾ ਦਾ ਪਾਤਰ ਹੈ। **ਸ਼ੁਕ੍ਰਨੀਤਿਸਾਰ**, IV.1.3 ਵਿਚ ਕਿਹਾ ਗਿਆ ਹੈ ਕਿ **ਅਜਿਹੇ ਰਾਜਾ ਦੇ ਰਾਜ ਨੂੰ ਤਿਆਗ ਦੇਣਾ ਉਚਿਤ ਹੈ, ਤਾਂ ਕਿ ਉਸ ਨੂੰ ਟੈਕਸਾਂ ਤੋਂ ਹੁੰਦੀ ਆਮਦਨ ਘਟੇ ਅਤੇ ਉਸ ਨੂੰ ਅਕਲ ਆਵੇ।** ਜੇ ਇੰਞ ਵੀ ਅਕਲ ਨਾ ਆਵੇ ਤਾਂ **ਉਸ ਨੂੰ ਗਦੀਓਂ ਲਾਂਭੇ dethrone ਕਰ ਦੇਣਾ ਬਣਦਾ ਹੈ। ਮਹਾਂਭਾਰਤ** ਤਾਂ ਹੋਰ ਵੀ ਅਗੇ ਹੈ ਕਿ ਜੇ ਹੋਰ ਕੋਈ ਹੀਲਾ ਵਸੀਲਾ ਨਾ ਚਲੇ ਤਾਂ **ਅਜਿਹੇ ਰਾਜੇ ਨੂੰ ਜੀਵਨ-ਦੰਡ ਦੇਣਾ ਬਣਦਾ ਹੈ (tyrannicide), ਜੋ ਜਨਤਾ, ਪ੍ਰਜਾ ਦਾ ਅਧਿਕਾਰ ਹੈ** - 'ਅਰਕਸ਼ਿਤਾਰੰ ਹਰਤਾਰੰ ਵਿਲੋਪਤਾਰਮਨਾਯਕਮ੍ । ਤੰ ਵੈ ਰਾਜਕਲਿ ਹਨਯੁ: ਪ੍ਰਜਾ: ਸੰਨਹਜ ਨਿਰਘ੍ਰਿਣਮ੍ ॥', XIII. 86.35-36.
ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਫ਼ੁਰਮਾਣ ਕੀਤਾ ਹੈ ਕਿ ਉਹ ਰਾਜਾ, ਜੋ ਸਿਰਫ਼ ਮਾਇਆ ਇਕੱਠੀ ਕਰਨ ਤੇ ਹੀ ਲਗ ਜਾਏ, ਭਾਵ ਜੋ ਪਰਜਾ ਦਾ ਹਿਤ ਨਾ ਕਰੇ, ਉਸ ਨੂੰ ਤਿਆਗ ਦੇਣਾ ਬਣਦਾ ਹੈ - 'ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ॥', ਪੰਨਾ ੮੧੧. ਭਗਤ ਨਾਮਦੇਵ ਜੀ ਨੇ ਵੀ, ਉਨ੍ਹਾਂ ਨੂੰ ਕੈਦ ਕਰਨ ਵਾਲੇ ਰਾਜਾ ਦੇ ਮਾਫ਼ੀ ਮੰਗਣ ਤੇ ਕਿਹਾ ਕਿ ਰਾਜਾ ਦੇ ਨਾਲ, ਅਗੋਂ ਤੋਂ ਸਚ ਅਤੇ ਸੀਲ ਜਾਂ ਨੇਕ-ਚਲਨ ਦੇ ਮਾਰਗ ਤੇ ਚਲਣ ਦੀ ਸ਼ਰਤ ਤੇ ਸੰਧੀ ਹੋ ਸਕਦੀ ਹੈ - 'ਨਾਮਾ ਕਹੈ ਸੁਨਹੁ ਬਾਦਿਸਾਹ॥ ਇਹੁ ਕਿਛੁ ਪਤੀਆ ਮੁਝੈ ਦਿਖਾਇ॥ ਇਸ ਪਤੀਆ ਕਾ ਇਹੈ ਪਰਵਾਨੁ॥ ਸਾਚਿ ਸੀਲਿ ਚਾਲਹੁ ਸੁਲਿਤਾਨ॥', ਪੰਨਾ ੧੧੬੬.

ਗੁਰਮਤਿ ਸਾਹਿਤ ਵਿਚ ਪਰਜਾ ਦੇ ਧਰਮ/ਅਸਥਾਨਾਂ ਦੀ ਬੇਅਦਬੀ, ਟੈਕਸ ਲਗਾਉਣਾ - 'ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤ ਚਾਲੀ॥', ਪੰਨਾ ੧੧੯੧; 'ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਸੀਤ ਉਸਾਰਾ॥', ਭਾਈ ਗੁਰਦਾਸ, ਵਾਰ ੧:੨੦; 'ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥', ਪੰਨਾ ੧੧੯੧; ਦੂਜੇ ਧਰਮਾਂ ਦੀ ਬੋਲੀ, ਸਭਿਆਚਾਰ ਦਾ ਵਿਗਾੜਨਾ - 'ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥', ਪੰਨਾ ੧੧੯੧; ਅਨਿਆਂ ਕਰਨਾ - 'ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥', ਪੰਨਾ ੯੫੧, ਆਦਿ ਰਾਜਨੀਤਕ ਬੁਰਿਆਈਆਂ ਦਾ ਸਿਧਾ ਸਿਧਾ ਖੰਡਨ ਕੀਤਾ ਗਿਆ ਹੈ। ਪਰਮਾਤਮਾ ਦੀ ਮਿਸਾਲ ਦੇ ਕੇ ਉਤਮ ਰਾਜ ਵਲ ਇਸ਼ਾਰੇ ਕੀਤੇ ਗਏ ਹਨ। ਜਿਵੇਂ ਉਸ ਦੇ ਰਾਜ ਵਿਚ ਬਕਰੀ ਅਤੇ ਸ਼ੇਰ ਇਕੱਠੇ ਰਖੇ ਗਏ ਹਨ,

ਇਸੇ ਤਰ੍ਹਾਂ ਦਾ ਰਾਜ ਹੋਵੇ ਤਾਂ ਕਿ ਆਮ ਮਨੁਖ ਹਰ ਤਰ੍ਹਾਂ ਦੇ ਭਰਮ ਅਤੇ ਡਰ ਦੂਰ ਕਰਕੇ ਪ੍ਰਭੂ ਦਾ ਨਾਮ ਜਪਣ - 'ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰ ਕੀਜੈ॥', ਪੰਨਾ ੭੩੫; ਜਿਵੇਂ ਹਰ ਘਰ ਵਿਚ ਉਸ ਵਡੇ ਰਾਜੇ ਪ੍ਰਭੂ ਦੀ ਕਥਾ ਚਲਦੀ ਹੈ ਕਿ ਹਰ ਇਕ ਨੂੰ ਪੈਦਾ ਕਰਨ ਤੋਂ ਪਹਿਲਾਂ ਹੀ ਰਿਜ਼ਕ ਦੇ ਦਿੰਦਾ ਹੈ - 'ਘਟਿ ਘਟਿ ਕਥਾ ਰਾਜਨ ਕੀ ਚਾਲੈ ਘਰਿ ਘਰਿ ਤੁਝੈ ਉਮਾਹਾ॥ ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕ ਸਮਾਹਾ॥', ਪੰਨਾ ੧੨੩੫, ਇਹੋ ਜਿਹੇ ਰਾਜ ਦੀ ਲੋੜ ਵਲ ਇਸ਼ਾਰੇ ਕੀਤੇ ਗਏ ਹਨ। ਭੁਖੇ ਅਤੇ ਲਾਚਾਰ ਮਨੁਖ ਲਈ ਪ੍ਰਭੂ ਦਾ ਨਾਮ ਜਪਣਾ ਸੁਖੈਨ ਨਹੀਂ ਹੁੰਦਾ ਜਿਵੇਂ ਭਗਤ ਕਬੀਰ ਜੀ ਦੇ ਬਚਨ ਹਨ ਕਿ ਭੁਖਾ ਪੇਟ ਕਿਵੇਂ ਭਗਤੀ ਕਰੇ, ਇਸ ਲਈ ਹੇ ਪ੍ਰਭੂ ਇਹ ਜਪਣੀ, ਮਾਲਾ ਮੇਰੇ ਤੋਂ ਲੈ ਲਉ, ਮੈਂ ਸੰਤ ਜਨਾਂ ਦੇ ਚਰਨਾਂ ਦੀ ਖਾਕ ਹੀ ਚਾਹੁੰਦਾ ਹਾਂ ਪਰ ਮੈਂ ਕਿਸੇ ਦਾ ਕਰਜ਼ਾ ਨਾ ਦੇਣਾ ਹੋਵੇ - 'ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥ ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥', ਪੰਨਾ ੬੫੬. ਇਸ ਤੋਂ ਅਗੇ ਭਗਤ ਜੀ ਨੇ ਜ਼ਿੰਦਗੀ ਦੇ ਨਿਰਬਾਹ ਲਈ ਜ਼ਰੂਰੀ ਵਸਤਾਂ (things of basic necessities for sustenance) ਲੈਣ ਲਈ ਬੇਨਤੀ ਕੀਤੀ ਹੈ। **ਰੋਜ਼, ਦੋਨੋਂ ਵਕਤ ਲਈ ਲਈ ਦੋ ਸੇਰ ਆਟਾ, ਪਾਈਆ ਘਿਓ ਦੇ ਨਾਲ ਲੂਣ, ਅਧ ਸੇਰ ਦਾਲ, ਚਾਰ ਪੈਰਾਂ ਵਾਲੀ ਸਾਬਤ ਮੰਜੀ, ਸਿਰਾਣਾ, ਤੁਲਾਈ, ਉਪਰ ਲੈਣ ਨੂੰ ਕਪੜਾ ਆਦਿ ਜ਼ਰੂਰੀ ਵਸਤਾਂ ਮੰਗੀਆਂ ਹਨ ਅਤੇ ਕਿਹਾ ਹੈ, ਕਿ ਮੈਂ ਕੋਈ ਲਾਲਚ ਨਹੀਂ ਕੀਤਾ, ਫ਼ਬਦਾ ਮੈਨੂੰ ਤੇਰਾ ਨਾਮ ਹੀ ਹੈ, ਫ਼ਿਰ ਹੀ ਤੇਰੀ ਭਗਤੀ ਹੋ ਸਕਦੀ ਹੈ।** ਭਗਤ ਧੰਨਾ ਜੀ ਨੇ ਵੀ ਬੁਨਿਆਦੀ ਵਸਤਾਂ ਦੀ ਮੰਗ ਕੀਤੀ ਹੈ, **ਜਿਵੇਂ ਦਾਲ, ਆਟਾ, ਘਿਓ, ਜੁਤੀ, ਕਪੜਾ, ਲਵੇਰੀ ਗਾਂ, ਮਝ, ਚੰਗੀ ਚਲਣ ਵਾਲੀ ਘੋੜੀ, ਸਤ ਵਾਰ ਵਾਹੀ ਹੋਈ ਪੈਲੀ ਵਿਚ ਉਗਿਆ ਅਨਾਜ, ਚੰਗੀ ਪਤਨੀ।** ਭਾਵ ਇਹ ਕਿ ਰਾਜੇ ਦਾ ਫ਼ਰਜ਼ ਹੈ ਸਾਰੀ ਪਰਜਾ ਨੂੰ ਰੋਜ਼ਗਾਰ ਤੇ ਜ਼ਰੂਊਰਤ ਵਾਲੀਆਂ ਵਸਤਾਂ ਮੁਹਈਆ ਕਰਵਾਉਣਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਸਿਧੇ ਲਫ਼ਜ਼ਾਂ ਵਿਚ ਬਚਨ ਕੀਤੇ ਹਨ ਕਿ ਜੋ ਪਰਜਾ ਦੀ ਦਿਨ ਰਾਤ ਸੰਭਾਲ ਕਰਦਾ ਹੈ ਉਹੀ ਅਸਲ ਸਰਕਾਰ ਹੈ - 'ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ॥', ਪੰਨਾ ੧੩੩੧. ਅਜੋਕੇ ਸਮੇਂ ਵਿਚ ਸੰਯੁਕਤ ਰਾਸ਼ਟਰ (UN Declaration of Human Rights, articles 23 and 25) ਵਿਚ ਵੀ '**ਹਰ ਕਿਸੇ ਨੂੰ ਕੰਮ ਕਰਨ, ਰੁਜ਼ਗਾਰ ਦੀ ਅਜ਼ਾਦ ਚੋਣ, ਕੰਮ ਦੀਆਂ ਜਾਇਜ਼ ਤੇ ਅਨੁਕੂਲ ਸਥਿਤੀਆਂ ਅਤੇ ਬੇਰੁਜ਼ਗਾਰੀ ਤੋਂ ਸੁਰੱਖਿਆ ਦਾ ਹੱਕ ਹੈ।**' - https://www.un.org/en/about-us/universal-declaration-of-human-rights

ਸਿਧੇ ਤੌਰ ਤੇ ਵੀ ਭਗਤ ਅਤੇ ਗੁਰੂ ਸਾਹਿਬਾਨ ਨੇ ਰਾਜਾ ਦੇ ਗੁਣ ਨਿਰਧਾਰਤ ਕੀਤੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਉਹੀ ਰਾਜ ਤਖ਼ਤ ਤੇ ਬੈਠਣ ਲਾਇਕ ਹੈ ਜਿਸ ਨੇ ਪੰਜ ਗਿਆਨ ਇੰਦ੍ਰਿਆਂ ਨੂੰ ਵਸ ਵਿਚ ਕਰ ਲਿਆ ਹੈ ਅਤੇ ਗੁਰਮਤਿ ਦੇ ਰਾਹ ਤੇ ਸੇਵਕ ਬਣ ਕੇ ਚਲਣ ਵਾਲਾ ਹੈ- 'ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਏ ਗੁਰਮਤਿ ਪਾਇਕ॥', ਪੰਨਾ ੧੦੩੯. ਇਹ ਵੀ ਬਚਨ ਕੀਤੇ ਹਨ ਕਿ ਉਹ ਸਚੁ, ਭਾਵ, ਪ੍ਰਭੂ ਦੀ ਪਛਾਣ, ਪ੍ਰਾਪਤੀ ਵਾਲਾ ਹੋਣਾ ਚਾਹੀਦਾ ਹੈ - 'ਤਖਤਿ ਰਾਜਾ ਸੋ ਬਹੈ ਜਿ ਲਾਇਕ ਤਖਤੈ ਹੋਈ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥', ਪੰਨਾ ੧੦੮੮. ਇਨ੍ਹਾਂ ਬਚਨਾਂ ਤੋਂ ਸਪੱਸ਼ਟ ਹੈ ਕਿ ਬ੍ਰਹਮਗਿਆਨੀ ਹੀ ਰਾਜਾ ਬਣਨ ਦੇ ਯੋਗ ਹੈ।

## ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥

**ਭਗਤ ਰਵਿਦਾਸ ਜੀ ਨੇ ਗਉੜੀ ਗੁਆਰੇਰੀ ਰਾਗ ਦੇ ਇਸ ਸ਼ਬਦ ਵੀ ਵਿਚ ਆਪਣੀ ਅਧਿਆਤਮਕ ਅਵਸਥਾ ਦਾ ਇਕ ਆਦਰਸ਼ਕ ਰਾਜ ਦੀ ਸ਼ਬਦਾਵਲੀ ਵਿਚ ਬਹੁਤ ਹੀ ਖ਼ੂਬਸੂਰਤ ਚਿਤਰਣ ਕੀਤਾ ਹੈ।**

-- **ਬੇ-ਗਮ, ਭਾਵ** ਗ਼ਮ ਤੋਂ ਰਹਿਤ। ਭਗਤ ਰਵਿਦਾਸ ਜੀ ਫ਼ੁਰਮਾਣ ਕਰਦੇ ਹਨ ਕਿ ਉਹ ਅਜਿਹੇ ਸ਼ਹਿਰ, ਰਾਜ, ਸਟੇਟ, ਦੇਸ ਦੇ ਵਾਸੀ ਹਨ ਜਿਥੇ ਕੋਈ ਦੁਖ, ਚਿੰਤਾ, ਅੰਦੇਸ਼ਾ, ਘਬਰਾਹਟ, ਕਿਸੇ ਗਲ ਦਾ ਖ਼ਤਰਾ ਨਹੀਂ। 'ਸਹਰ' ਦਾ ਅਰਥ ਸਿਰਫ਼ ਸ਼ਹਿਰ ਜਾਂ town ਜਾਂ city ਨਹੀਂ ਸਗੋਂ ਇਕ ਖ਼ੁਦਮੁਖ਼ਤਿਆਰ ਰਾਜ ਨਾਲ ਹੈ, ਉਸ ਨੂੰ ਭਾਵੇ ਦੇਸ਼ ਕਹੀਏ ਜਾਂ ਸਟੇਟ ਜਾਂ Country ਆਦਿ। ਅਜਿਹੇ ਰਾਜ ਨੂੰ ਭਗਤ ਰਵਿਦਾਸ ਜੀ ਨੇ 'ਬੇਗਮਪੁਰਾ' ਦਾ ਨਾਂ ਦਿਤਾ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਇਸ ਨੂੰ 'ਹਲੇਮੀ ਰਾਜੁ' ਕਿਹਾ ਹੈ, ਬਚਨ ਹਨ ਕਿ ਪ੍ਰਭੂ ਦੇ ਹੁਕਮ ਨਾਲ ਅਜਿਹਾ ਰਾਜ ਸਥਾਪਿਤ ਹੋਇਆ ਹੈ ਜਿਸ ਵਿਚ ਕੋਈ ਕਿਸੇ ਨੂੰ ਦੁਖੀ ਨਹੀਂ ਕਰ ਸਕਦਾ, ਸਾਰੀ ਪਰਜਾ ਸੁਖੀ ਵਸਦੀ ਹੈ - 'ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥', ਪੰਨਾ ੭੪.

ਮਨੁਖ ਸ਼ੁਰੂ ਤੋਂ ਹੀ ਸੁਰਖਿਅਤ ਥਾਂ, ਦੇਸ਼ ਵਿਚ ਰਹਿਣਾ ਲੋਚਦਾ ਹੈ ਜਿਥੇ ਉਸ ਨੂੰ ਆਪਣੇ ਅਤੇ ਆਪਣੇ ਪਰਿਵਾਰ ਦੇ ਜਾਨ ਮਾਲ ਲਈ ਪੂਰਨ ਸੁਖ ਸੁਵਿਧਾ, ਸਾਧਨ ਪ੍ਰਾਪਤ ਹੋਣ। ਪਛਮੀ ਵੀਚਾਰਧਾਰਾ ਵਿਚ '**Social Contract Theory**' ਆਦਿ ਹੋਰ ਵੀਚਾਰਧਾਰਾਵਾਂ ਵੀ ਇਸ ਗਲ ਨੂੰ ਸਵੀਕਾਰ ਕਰਦੀਆਂ ਹੈ ਕਿ ਸਟੇਟ ਜਾਂ ਰਾਜ ਦਾ ਜਨਮ, ਹਰ ਇਕ ਨੂੰ ਸੁਰੱਖਿਆ ਅਤੇ ਨਿਆਂ ਦੇਣ ਲਈ ਹੋਇਆ ਸੀ। ਇਨ੍ਹਾਂ ਵੀਚਾਰਾਂ ਦੇ ਹਾਮੀ **ਜੌਹਨ ਲੌਕ, ਹੋਬਜ਼ ਅਤੇ ਜੀਨ ਜੈਕ ਰੂਸੋ** ਆਦਿ ਸਨ। ਗੁਰਬਾਣੀ ਵਿਚ ਵੀ ਇਹੀ ਫ਼ੁਰਮਾਣ ਆਇਆ ਹੈ ਕਿ ਪ੍ਰਭੂ ਨੇ ਆਪਣੇ ਅਤੇ ਦੁਨੀਆਂ ਵਿਚਲੇ ਰਾਜ ਦੀ ਸਿਰਜਣਾ, ਸਚ ਦਾ ਨਿਬੇੜਾ, ਨਿਆਂ ਕਰਨ ਲਈ ਕੀਤੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ - 'ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ॥', ਪੰਨਾ ੫੮੦. ਇਹ ਵੀ ਬਚਨ ਹਨ ਕਿ ਰਾਜੇ ਦੀ ਸੁਚਮਤਾ ਪਾਣੀ ਨਾਲ ਨਹੀਂ ਸਗੋਂ ਪਰਜਾ ਨਾਲ ਕੀਤੇ ਨਿਆਂ ਨਾਲ ਹੁੰਦੀ ਹੈ - 'ਰਾਜੇ ਚੁਲੀ ਨਿਆਵ ਕੀ..', ਪੰਨਾ ੧੨੪੦. ਨਿਆਂ ਦਾ ਅਰਥ, ਸਿਰਫ਼ ਅਦਾਲਤੀ ਨਿਆਂ ਨਹੀਂ, ਸਗੋਂ ਜੀਵਨ ਦੇ ਹਰ ਪਹਿਲੂ ਵਿਚ ਪਰਜਾ ਨਾਲ ਨਿਆਂ ਹੈ। ਦਸਮ ਪਾਤਸ਼ਾਹ ਨੇ 'ਜ਼ਫ਼ਰਨਾਮਹ' ਵਿਚ ਔਰੰਗੇ ਦੇ ਅਨਿਆਂ ਦਾ ਜ਼ੋਰਦਾਰ ਖੰਡਨ ਕੀਤਾ ਹੈ। ਅਜ ਵੀ ਇਹੀ ਕਾਰਨ ਹੈ ਕਿ ਭਾਰਤ ਦੇ ਲੋਕ, ਖ਼ਾਸ ਕਰਕੇ ਪੰਜਾਬੀ, ਪਛਮੀ ਦੇਸ਼ਾਂ ਵਲ ਪਲਾਇਨ ਕਰਨ ਵਿਚ ਰੁਚੀ ਰਖ ਰਹੇ ਹਨ ਅਤੇ ਧੜਾਧੜ ਜਾ ਵੀ ਰਹੇ ਹਨ।

ਰਾਜੇ ਦੇ ਨਿਆਂ ਬਾਰੇ **ਜਾਤਕ ਕਥਾਵਾਂ** ਵਿਚ ਬਿਆਨ ਮਿਲਦੇ ਹਨ। **ਜਾਤਕ ਕਥਾਵਾਂ** ਬੁਧ ਧਰਮ ਦੇ **ਤ੍ਰਿਪਿਟਕ** ਦਾ ਹਿਸਾ ਹਨ, ਜੋ ਪਾਲੀ ਭਾਸ਼ਾ ਵਿਚ ਹਨ। ਇਨ੍ਹਾਂ ਅਨੁਸਾਰ - '**ਜੇ ਜ਼ਮੀਨ ਵਾਹੁੰਦਿਆ ਹਾਲੀ ਦਾ ਹਲ, ਜ਼ਮੀਨ ਵਿਚ ਪਏ ਪਥਰ ਨਾਲ ਅੜ ਕੇ ਟੁਟ ਜਾਏ ਤਾਂ ਰਾਜੇ ਦੇ ਨਿਆਂ ਵਿਚ ਕਸੂਰ ਹੈ। ਜੇ ਕਿਸੇ ਦੋਧੀ ਨੂੰ ਬਲਦ ਮਾਰ ਸੁਟੇ ਤਾਂ ਰਾਜਾ ਕਸੂਰਵਾਰ ਹੈ, ਜੇ ਡਡੂ ਨੂੰ ਕਾਂ ਦੇ ਵਢ ਲਿਆ ਤਾਂ ਰਾਜੇ ਦੇ ਨਿਆਂ ਵਿਚ ਦੋਸ਼ ਹੈ। ਪਰਜਾ ਦੀ ਖ਼ੁਸ਼ੀ, ਰਾਜੇ ਦੀ ਧਰਮ-ਪਰਾਇਨਤਾ, ਪਵਿਤਰਤਾ ਅਤੇ ਗੁਣਾਂ ਤੇ ਨਿਰਭਰ ਕਰਦੀ ਹੈ। ਧਰਮ-ਪਰਾਇਨ ਰਾਜੇ ਦੇ ਰਾਜ ਵਿਚ ਹੀ ਪਰਜਾ ਸੁਖੀ ਰਹਿ ਸਕਦੀ ਹੈ, ਨਹੀਂ ਤਾਂ ਖੰਡ ਅਤੇ ਲੂਣ ਵੀ ਆਪਣਾ ਸੁਆਦ ਛਡ ਜਾਂਦੇ ਹਨ।**', **ਜਾਤਕ**, ਖੰਡ III ਅਤੇ V. ਇਸ ਤਰ੍ਹਾਂ ਪੁਰਾਤਨ ਗ੍ਰੰਥਾਂ ਵਿਚ ਰਾਜੇ ਦੇ ਕਰਤੱਵਾਂ ਬਾਰੇ ਹੋਰ ਵੀ ਸਖ਼ਤ ਸ਼ਬਦਾਵਲੀ ਲਿਖੀ ਮਿਲਦੀ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਜੇ ਰਾਜਾ ਪਵਿਤ੍ਰ ਸਰੂਪ ਅਤੇ ਸ਼ੁਧ ਹੈ, ਪਾਕ ਹੈ, ਮਾਇਆ ਤੋਂ ਨਿਰਲੇਪ ਹੈ ਤਾਂ ਹੀ ਲੋਕ ਸੁਖੀ ਵਸਦੇ ਹਨ - 'ਨਿਹਕੇਵਲੁ ਰਾਜਨ ਸੁਖੀ ਲੋਗੁ॥', ਪੰਨਾ ੧੧੮੦.

**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**

-- '**ਬੇਗਮਪੁਰਾ**' **ਨਾਂ ਦੇ** ਇਸ ਰਾਜ/ਦੇਸ ਵਿਚ ਕਿਸੇ ਨੂੰ ਆਪਣੇ ਖ਼ਰੀਦੇ ਮਾਲ ਤੇ ਟੈਕਸਾਂ (ਖਿਰਾਜ) ਆਦਿ ਦੀ ਚਿੰਤਾ, ਘਬਰਾਹਟ, ਪਰੇਸ਼ਾਨੀ (ਤਸਵੀਸ) ਨਹੀਂ, ਕਿਉਂਕਿ

ਸਰਕਾਰੀ ਮਸ਼ੀਨਰੀ ਦੁਆਰਾ ਕਿਸੇ ਗ਼ੈਰ-ਕਾਨੂੰਨੀ ਕਰਮ, ਲੁਟ ਦਾ ਖਤਰਾ ਨਹੀਂ, ਨਾਂ ਹੀ ਕਿਸੇ ਨੂੰ ਵੀ ਕਿਸੇ ਵੀ ਤਰ੍ਹਾਂ ਦਾ ਘਾਟਾ (ਜਵਾਲੁ) ਪੈਣ ਦਾ ਅੰਦੇਸ਼ਾ (ਤਰਸੁ) ਸਤਾਉਂਦਾ ਹੈ।੧।

ਅਜ ਦੇ ਸਮਾਜ ਦੇ ਆਰਥਕ ਹਾਲਾਤ ਬਹੁ ਮਾੜੇ ਹਨ। ਵਾਪਰੀਆਂ ਨੂੰ ਆਪਣਾ ਸਮਾਨ ਖਰੀਦ ਕੇ ਵੀ ਟੈਕਸ ਉਗਰਾਹੁਣ ਵਾਲਿਆਂ ਦਾ ਹਰ ਵੇਲੇ ਡਰ ਸਤਾਉਂਦਾ ਰਹਿੰਦਾ ਹੈ ਅਤੇ ਵਪਾਰੀ, ਪੂਰਾ ਪੈਸਾ ਖਰਚ ਕੇ ਵੀ ਚੋਰਾਂ ਵਾਂਗ ਆਪਣਾ ਸਮਾਨ ਢੋਣ ਤੇ ਮਜਬੂਰ ਹਨ। ਮਾਲ ਢੋਣ ਵਾਲੇ ਟ੍ਰਕਾਂ ਆਦਿ ਦੀ ਚਪੇ ਚਪੇ ਤੇ ਵਾਧੂ ਲੁਟ ਹੈ, ਕਿਧਰੇ ਪੁਲਿਸ ਖਰਚਾ, ਕਿਧਰੇ ਟ੍ਰਾਸਪੋਰਟ ਅਫ਼ਸਰਾਂ ਦੇ ਨਾਕੇ, ਕਿਧਰੇ ਸੇਲ ਟੈਕਸ ਵਾਲਿਆਂ ਦੇ ਨਾਕੇ, ਕਿਧਰੇ ਟੌਲ ਟੈਕਸ ਦੀ ਲੁਟ ਆਦਿ। ਸਾਰੀ ਸਰਕਾਰੀ ਮਸ਼ੀਨਰੀ ਲੁਟਣ ਵਾਲੀ 'ਪਾਪ ਕੀ ਜੰਞ' ਹੈ। ਆਪਣੇ ਸਮੇਂ ਦੀ ਅਜਿਹੀ ਹਾਲਤ ਭਗਤ ਕਬੀਰ ਜੀ ਨੇ ਦਸੀ ਹੈ, ਸਰਕਾਰੀ ਤੰਤਰ ਭਸ਼ਟ ਹੈ, ਰਿਸ਼ਵਤ ਲਏ ਬਿਨਾਂ ਕੋਈ ਕੰਮ ਨਹੀਂ ਕਰਦਾ, ਨਾਜਾਇਜ਼ ਟੈਕਸ ਦੇਣੇ ਪੈਂਦੇ ਹਨ - 'ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥ ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥.. ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ॥ ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ॥', ਪੰਨਾ ੭੯੩.

**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥**

-- **ਹੇ ਮੇਰੇ ਭਾਈ ! ਹੁਣ** ਮੈਂ ਆਪਣੇ ਰਹਿਣ ਲਈ ਇਕ ਸੋਹਣਾ ਵਤਨ, ਦੇਸ਼ ਲਭ ਲਿਆ ਹੈ, ਜਿਥੇ ਇਸ ਤਰ੍ਹਾਂ ਦੀ ਕੋਈ ਲੁਟ ਖਸੁਟ ਦਾ ਡਰ ਹੀ ਨਹੀਂ ਅਤੇ ਇਸੇ ਕਰ ਕੇ ਇਥੇ ਸਦਾ ਸਾਰੇ ਖ਼ੈਰੀਅਤ ਨਾਲ, ਸੁਖੀ ਵਸਦੇ ਹਨ।੧।ਰਹਾਉ।

ਇਸੇ ਤਰ੍ਹਾਂ ਦੀ ਹੀ ਤਸਵੀਰ ਦਿਲ, ਦਿਮਾਗ਼ ਵਿਚ ਵਸਾ ਕੇ ਅਜ ਭਾਰਤ ਆਦਿ ਦੇਸ਼ਾਂ ਦੇ ਲੋਕ ਕਨੈਡਾ ਅਤੇ ਹੋਰ ਪਛਮੀ ਦੇਸ਼ਾਂ ਵਲ ਭਜ ਰਹੇ ਹਨ, ਭਾਵੇਂ ਇਹ ਤਸਵੀਰ, ਉਥੇ ਜਾ ਕੇ ਵੀ ਪੂਰੀ ਤਰ੍ਹਾਂ ਸਾਕਾਰ ਹੁੰਦੀ ਨਜ਼ਰ ਨਹੀਂ ਆਉਂਦੀ।

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

-- **ਜਿਥੇ ਰਾਜਾ ਧਰਮ-ਪਰਾਇਨ**, ਨਿਆਂਕਾਰ ਅਤੇ ਪਰਜਾ ਨੂੰ ਸੁਖ ਦੇਣ ਵਾਲਾ ਹੋਵੇ, ਉਹ ਰਾਜ ਸਦਾ ਕਾਇਮ ਰਹਿੰਦਾ ਹੈ, ਟਿਕਿਆ ਰਹਿੰਦਾ ਹੈ। ਅਜਿਹੇ ਰਾਜ ਵਿਚ ਕਿਸੇ ਨਾਗਰਿਕ ਨੂੰ ਦੂਜੇ ਜਾਂ ਤੀਜੇ ਦਰਜੇ ਦਾ ਨਾਗਰਿਕ ਨਹੀਂ ਸਮਝਿਆ ਜਾਂਦਾ। ਸਾਰਿਆਂ ਨੂੰ ਇਕ ਅਖ ਨਾਲ ਵੇਖਿਆ ਜਾਂਦਾ ਹੈ।

ਚੰਗੇ, ਧਰਮ-ਪਰਾਇਨ ਰਾਜੇ ਨੂੰ ਪਰਜਾ ਵਲੋਂ ਕੋਈ ਖਤਰਾ ਨਹੀਂ ਹੁੰਦਾ, ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਬਚਨ ਕੀਤੇ ਹਨ - 'ਰਾਜੁ ਤੇਰਾ ਕਬਹੁ ਨ ਜਾਵੈ॥ ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ॥..ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ॥', ਪੰਨਾ ੫੬੭.

**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥**

-- **ਅਜਿਹਾ ਦੇਸ਼, ਜਿਥੇ** ਲੋਕ ਸੁਖੀ ਵਸਦੇ ਹੋਣ, ਉਘਾ ਵਸਦਾ ਹੈ। ਭਾਵ, ਉਸ ਦੇਸ਼ ਨੂੰ ਕੋਈ ਛਡ ਕੇ ਜਾਣ ਨੂੰ ਤਿਆਰ ਨਹੀਂ ਹੁੰਦਾ, ਸਗੋਂ ਹੋਰਨਾਂ ਪਾਸਿਓਂ ਲੋਕ ਉਥੇ ਆ ਕੇ ਵਸਣਾ ਲੋਚਦੇ ਹਨ। ਉਸ ਦੇਸ ਵਿਚ ਧਨੀ (ਗਨੀ) ਅਤੇ ਰਜੇ ਹੋਏ, ਖ਼ੁਸ਼ਹਾਲ (ਮਾਮੂਰ) ਲੋਕ ਵਸਦੇ ਹਨ।੨।

ਜਦੋਂ ਕਦੇ ਕਿਸੇ ਨੂੰ ਘਾਟਾ ਨਹੀਂ ਪੈਣਾ, ਕੋਈ ਕਿਸੇ ਨੂੰ ਲੁਟ ਨਹੀਂ ਸਕਦਾ, ਸਰਕਾਰੀ ਮਸ਼ੀਨਰੀ ਸਭ ਦਾ ਖਿਆਲ ਰਖੇ ਤਾਂ ਆਪੇ ਹੀ ਸਭ ਖ਼ੁਸ਼ਹਾਲ ਹੋ ਜਾਂਦੇ ਹਨ। ਇਹ ਸਭ ਕੁਝ ਚੰਗੇ ਰਾਜੇ

ਤੇ ਨਿਰਭਰ ਕਰਦਾ ਹੈ। ਤਾਂ ਹੀ ਸ੍ਰੀ ਗੁਰੂ ਅਰਜਨ ਸਾਹਿਬ ਨੇ ਬਚਨ ਕੀਤੇ ਹਨ ਕਿ ਜਿਸ ਦਾ ਵਾਹਗੁਰੂ ਵਰਗਾ ਪਾਲਣਹਾਰ ਰਾਜਾ ਹੋਵੇ ਉਥੇ ਸਾਰੇ ਰਜੇ ਹੋਏ ਲੋਕ ਵਸਦੇ ਹਨ ਅਤੇ ਸਭ ਪਾਸੇ ਸੁਖ ਹੀ ਸੁਖ ਹੁੰਦਾ ਹੈ - 'ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ॥', ਪੰਨਾ ੪੦੦. ਬੇਸ਼ੱਕ ਗੁਰਬਾਣੀ ਦੀਆਂ ਉਪਰੋਕਤ ਸਭ ਪੰਕਤੀਆਂ ਪਰਮੇਸ਼ਰ ਦੀ ਉਪਮਾ ਵਿਚ ਰਚੀਆਂ ਹੋਈਆਂ ਹਨ ਪਰ ਇਨ੍ਹਾਂ ਦੀ ਸ਼ਬਦਾਵਲੀ ਸਿਧੇ ਤੌਰ ਤੇ ਚੰਗੇ ਰਾਜ ਵਲ ਇਸ਼ਾਰਾ ਕਰਦੀ ਹਨ।

ਭਗਤ ਜੀ ਦੀ ਸੋਚ ਤੋਂ ਉਲਟ, ਪੰਜਾਬ ਦੇਸ ਦਿਨੋ-ਦਿਨ ਖ਼ਾਲੀ ਹੋ ਰਿਹਾ ਹੈ। ਇਹ ਸਰਕਾਰੀ ਲੁਟ ਦਾ ਸਪਸ਼ਟ ਨਤੀਜਾ ਹੈ ਕਿ ਇਹ ਅਜ ਉਘਾ ਨਹੀਂ ਵਸ ਰਿਹਾ। ਹਰ ਬੰਦਾ ਬਾਹਰਲੇ ਦੇਸ਼ਾਂ ਵਲ ਪਲਾਇਣ ਕਰਨਾਂ ਲੋਚਦਾ ਹੈ ਅਤੇ ਅਨੇਕਾਂ, ਪਲਾਇਣ ਕਰ ਵੀ ਚੁਕੇ ਹਨ। ਕਨੈਡਾ, ਸਾਊਥਹਾਲ ਅਤੇ ਪਛਮੀ ਦੇਸ਼ਾਂ ਦੇ ਹੋਰ ਇਲਾਕੇ ਹੀ ਨਹੀਂ, ਸਗੋਂ ਆਸਟ੍ਰੇਲੀਆ ਅਤੇ ਕਈ ਹੋਰ ਅਰਧ-ਵਿਕਸਿਤ ਦੇਸ਼ਾਂ ਵਿਚ ਵੀ ਪੰਜਾਬ ਦੇ ਵਸਨੀਕ ਪਲਾਇਣ ਕਰ ਚੁਕੇ ਹਨ। ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਮੁਸੀਬਤ ਦਾ ਮਾਰਿਆ ਹੀ ਆਪਣਾ ਦੇਸ ਛਡਦਾ ਹੈ - 'ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥ ਦੇਸੁ ਛੋਡਿ ਪਰਦੇਸਹਿ ਧਾਇਆ॥', ਪੰਨਾ ੧੩੪੮.

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**

-- **'ਬੇਗਮਪੁਰਾ' ਦੇ ਵਸਨੀਕ,** ਆਪਣੇ ਦੇਸ ਵਿਚ ਅਨੰਦ ਨਾਲ ਹਰ ਥਾਂ ਵਿਚਰਦੇ ਹਨ, ਆਉਂਦੇ ਜਾਂਦੇ ਹਨ। ਉਹ ਹਰ ਥਾਂ, ਸਰਕਾਰੀ ਮਹਿਲ ਦੇ ਵਾਕਿਫ਼ (ਮਹਰਮ), ਪੂਰੇ ਭੇਤੀ ਹਨ, ਕਿਉਂਕਿ ਕਿਧਰੇ ਜਾਣ ਜਾਂ ਪਹੁੰਚ ਰਖਣ ਵਿਚ ਉਨ੍ਹਾਂ ਨੂੰ ਕੋਈ ਰੁਕਾਵਟ ਨਹੀਂ। ਇਥੋਂ ਤਕ ਕਿ ਉਹ ਸ਼ਾਸਕ, ਰਾਜੇ ਦੇ ਮਹਿਲ ਆਦਿ ਥਾਵਾਂ ਤੇ ਵੀ ਬੇਰੋਕ-ਟੋਕ ਆ ਜਾ ਸਕਦੇ ਹਨ, ਸਿਕਿਓਰਟੀ ਵਾਲੇ ਉਨ੍ਹਾਂ ਨੂੰ ਅਟਕਾ ਨਹੀਂ ਸਕਦੇ।

ਆਮ ਦੇਖਣ ਵਿਚ ਆਇਆ ਹੈ ਕਿ ਕਨੈਡਾ, ਇੰਗਲੈਂਡ ਆਦਿ ਦੇ ਸ਼ਾਸਕਾਂ ਤਕ ਆਮ ਲੋਕਾਂ ਦੀ ਪਹੁੰਚ ਹੈ। ਉਹ ਸ਼ਾਸਕ ਵੀ ਆਮ ਜਨਤਾ ਵਿਚ, ਬਿਨਾਂ ਕਿਸੇ ਸਿਕਿਓਰਟੀ ਦੇ, ਵਿਚਰਦੇ ਹਨ। ਪਰ ਹਿੰਦੁਸਤਾਨ ਦੇ ਸ਼ਾਸਕ ਤਾਂ ਦੂਰ ਰਹੇ, ਛੋਟੇ ਤੋਂ ਛੋਟਾ ਸਰਕਾਰੀ ਕਰਿੰਦਾ, ਰਾਜਨੀਤੱਗ ਵੀ ਜਨਤਕ ਪਹੁੰਚ ਤੋਂ ਬਹੁਤ ਦੂਰ ਹੈ। ਇਥੋਂ ਦਾ ਨਾਗਰਿਕ ਬਹੁਤ ਮਜਬੂਰ ਹੈ। ਅਜਿਹਾ ਦੇਸ਼ ਕਦੇ ਵੀ 'ਬੇਗਮਪੁਰਾ' ਨਹੀਂ ਅਖਵਾ ਸਕਦਾ।

**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

-- **ਭਗਤ ਰਵਿਦਾਸ ਜੀ, ਜੋ ਆਪਣੇ** ਆਪ ਨੂੰ ਨੀਚ ਜਾਤਿ ਚਮਾਰ ਕਹਿ ਰਹੇ ਹਨ, ਬਚਨ ਕਰਦੇ ਹਨ ਕਿ ਅਜਿਹੇ 'ਬੇਗਮਪੁਰਾ' ਦਾ ਵਾਸੀ ਬਣਨ ਨਾਲ ਮੈਂ ਸਭ ਕਸ਼ਟਾਂ ਤੋਂ ਖ਼ਲਾਸੀ ਪ੍ਰਾਪਤ ਕਰ ਲਈ ਹੈ। ਹੁਣ ਮੇਰੇ ਇਸ ਦੇਸ ਵਿਚ ਹਰ ਵਸਣ ਵਾਲਾ ਨਾਗਰਿਕ ਮੇਰਾ ਮਿਤਰ ਹੈ, ਕਿਉਂਕਿ ਮੈਨੂੰ ਕਿਸੇ ਤੋਂ ਕੋਈ ਖ਼ਤਰਾ ਹੀ ਨਹੀਂ ਰਿਹਾ।੩।੨।

ਜਦੋਂ ਹਰ ਨਾਗਰਿਕ ਨੂੰ ਪੂਰੀ ਸੁਰੱਖਿਆ, ਪੂਰੀਆਂ ਸਹੂਲਤਾਂ, ਪੂਰਾ ਨਿਆਂ ਮਿਲੇਗਾ ਤਾਂ ਲੁਟ-ਖਸੁਟ, ਚੋਰੀ, ਵੈਰ ਵਿਰੋਧ ਆਦਿ ਸਮੱਸਿਆਵਾਂ ਹੀ ਨਹੀਂ ਰਹਿਣਗੀਆਂ, ਕਿਸੇ ਤੋਂ ਕੋਈ ਖ਼ਤਰਾ ਹੀ ਨਹੀਂ ਤਾਂ ਸਾਰੀ ਪਰਜਾ ਵੀ ਰਲ-ਮਿਲ ਕੇ ਰਹੇਗੀ, ਮਿਤਰਤਾ ਨਾਲ ਰਹੇਗੀ।

ਇਸ ਤਰ੍ਹਾਂ ਚੰਗੇ, ਕਲਿਆਣਕਾਰੀ ਰਾਜ ਦੀ ਸ਼ਬਦਾਵਲੀ ਵਰਤ ਕੇ ਭਗਤ ਰਵਿਦਾਸ ਜੀ ਨੇ ਆਪਣੀ ਮੁਕਤ ਅਧਿਆਤਮਕ ਅਵਸਥਾ ਦਾ ਬਿਆਨ ਕੀਤਾ ਹੈ ਅਤੇ ਨਾਲ ਹੀ ਅਜਿਹੇ ਰਾਜ ਦੀ ਤਸਵੀਰ ਵੀ ਖਿਚ ਦਿਤੀ ਹੈ।